# ਭਗਤ ਨਾਮਦੇਵ - ਸਬਦ ੩੫

ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ ਰਹਾਉ ॥

ਰਾਗੁ ਮਾਲੀ ਗਉੜਾ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੯੮੮

ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ ਰਹਾਉ ॥
ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥
ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ ॥੧॥
ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥
ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ ॥੨॥੨॥

ਸਾਰ: ਜਦੋਂ ਅਸੀਂ ਆਪਣੇ ਵਿਚਾਰਾਂ ਨੂੰ ਚੁਣੌਤੀ ਦਿੰਦਿਆਂ ਉਨ੍ਹਾਂ ਦੀ ਡੂੰਘਾਈ ਨਾਲ ਪੜਤਾਲ ਕਰਦੇ ਹਾਂ, ਤਾਂ ਅਕਸਰ ਅਸੀਂ ਕੁਝ ਅਜਿਹਾ ਬਾ-ਕੀਮਤੀ ਭਾਲ ਲੈਂਦੇ ਹਾਂ ਜਿਸਨੂੰ ਅਸੀਂ ਪਹਿਲਾਂ ਨਜ਼ਰ ਅੰਦਾਜ਼ ਕਰਦੇ ਆ ਰਹੇ ਸੀ, ਉਹ ਅੰਤਰੀਵੀ ਸਮਰਥਾ ਜੋ ਪਦਾਰਥਿਕ ਦੌਲਤ ਤੋਂ ਪਾਰ, ਦੁਨਿਆਵੀ ਰੁਤਬਿਆਂ ਦੀ ਖਿੱਚ ਸਾਹਮਣੇ ਵੀ ਅਡੋਲ ਰਹਿੰਦੀ ਹੈ। ਜਦੋਂ ਅਸੀਂ ਬਾਹਰੀ ਪ੍ਰਮਾਣਿਕਤਾ ਨਾਲ ਆਪਣਾ ਮੋਹ ਤਿਆਗ ਦਿੰਦੇ ਹਾਂ ਜਿਵੇਂ ਕੀ ਦੁਨਿਆਵੀ ਵਸਤਾਂ, ਸਮਾਜਿਕ ਰੁਤਬੇ, ਅਤੇ ਪ੍ਰਾਪਤੀਆਂ ਤਾਂ ਸਾਡੇ ਅੰਦਰੋਂ ਇਨ੍ਹਾਂ ਨੂੰ ਕਾਬੂ ਵਿਚ ਰੱਖਣ ਦੀ ਲਾਲਸਾ ਵੀ ਅਲੋਪ ਹੋ ਜਾਂਦੀ ਹੈ ਜਿਸ ਨਾਲ ਸਾਡੇ ਜੀਵਨ ਵਿਚ ਇਕ ਅਦਭੁੱਤ ਆਜ਼ਾਦੀ ਦਸਤਕ ਦਿੰਦੀ ਹੈ। ਜਿਸ ਨੂੰ ਅਸੀਂ ਕਦੇ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਸਮਝਦੇ ਸੀ, ਉਹ ਅਕਸਰ ਨਾਜ਼ੁਕ ਅਤੇ ਗੈਰ-ਮਹੱਤਵਪੂਰਨ ਸਾਬਤ ਹੁੰਦਾ ਹੈ। ਇਸ ਸੱਚ ਨੂੰ ਸਵੀਕਾਰ ਕਰਕੇ ਅਸੀਂ ਉਸ ਅੰਤਰੀਵੀ ਤਾਕਤ ਨਾਲ ਜੁੜ ਜਾਂਦੇ ਹਾਂ ਜੋ ਸਦਾ ਹੀ ਸਾਡੇ ਅੰਦਰ ਮੌਜੂਦ ਸੀ ਅਤੇ ਸਿਰਫ਼ ਪਛਾਣੇ ਜਾਣ ਦੀ ਉਡੀਕ ਕਰ ਰਹੀ ਸੀ। ਇਹ ਅਨੁਭੂਤੀ ਸਾਨੂੰ ਆਪਣੇ ਅੰਦਰੋਂ ਉੱਭਰਦੇ ਅਡੋਲ ਸਹਾਰੇ ਉੱਤੇ ਭਰੋਸਾ ਕਰਨ ਦੀ ਸਮਰੱਥਾ ਅਤੇ ਹਿੰਮਤ ਪ੍ਰਦਾਨ ਕਰਦੀ ਹੈ।

ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ ਰਹਾਉ ॥

ਮੇਰੇ ਮਾਂਪਿਆ ਵਰਗੀ ਪਾਲਣਹਾਰ, ਸਰਬ-ਵਿਆਪਕ ਸਤਾ, ਤੁਸੀਂ ਹੀ ਉਸਤਤ-ਯੋਗ ਅਤੇ ਹਕੀਕਤ ਦਾ ਮਨਮੋਹਣਾ ਸਰੂਪ ਧਾਰਨ ਕਰਦੇ ਹੋ। ਇਹ ਭਾਵ ਉਸ ਸੱਚਾਈ ਨੂੰ ਉਜਾਗਰ ਕਰਦਾ ਹੈ ਕਿ ਦਿਵਯਤਾ ਕੋਈ

ਦੂਰ ਵੱਸਦਾ ਸਿਧਾਂਤ ਨਹੀਂ, ਸਗੋਂ ਉਹੀ ਸਰਬ-ਵਿਆਪਕ ਊਰਜਾ ਹੈ ਜੋ ਸਮੁੱਚੇ ਜੀਵਨਾਂ ਨੂੰ ਜਨਮ ਦਿੰਦੀ, ਪਾਲਦੀ ਅਤੇ ਨਿਰੰਤਰ ਕਾਇਮ ਰੱਖਦੀ ਹੈ। (੧)(ਠਹਿਰਾਉ)

ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥
ਚੱਕਰ ਹੱਥ ਵਿਚ ਫੜ ਕੇ ਉਹ ਅਡੋਲਤਾ ਦੇ ਖੰਡ ਤੋਂ ਆਉਂਦੇ ਹਨ ਅਤੇ ਹਾਥੀ ਦੇ ਜੀਵਨ ਅਤੇ ਪ੍ਰਾਣਾਂ ਦੀ ਰੱਖਿਆ ਕਰਦੇ ਹਨ। ਇਹ ਮਿਥਿਹਾਸਕ ਪ੍ਰਸੰਗ ਉਸ ਮਨ ਵੱਲ ਸੰਕੇਤ ਕਰਦਾ ਹੈ ਜੋ ਹਉਮੈ ਦੇ ਬੰਧਨ ਵਿਚ ਫਸਿਆ ਹੋਇਆ ਹੈ, ਪਰ ਆਤਮਕ ਬੋਧ ਰਾਹੀਂ ਉਸ ਨੂੰ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ ॥੧॥
ਦੁਸ਼ਾਸਨ ਦੀ ਸਭਾ ਵਿਚ, ਜਦੋਂ ਦ੍ਰੌਪਦੀ ਦਾ ਚੀਰ ਹਰਣ ਕੀਤਾ ਜਾ ਰਿਹਾ ਸੀ, ਤਾਂ ਉਸ ਦੀ ਇੱਜ਼ਤ ਅਤੇ ਮਰਯਾਦਾ ਸੁਰੱਖਿਅਤ ਰਹੀ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਬਾਹਰੀ ਹਾਲਾਤ ਸਾਡੇ ਅੰਤਰੀਵੀ ਮੁੱਲ ਅਤੇ ਮਰਯਾਦਾ ਨੂੰ ਚੁਣੌਤੀ ਦਿੰਦੇ ਹਨ, ਤਦ ਵੀ ਸਵੈ-ਸਨਮਾਨ ਅਤੇ ਅਖੰਡਤਾ ਅੰਤਰੀਵੀ ਹਲਚਲ ਉੱਤੇ ਜਿੱਤ ਪ੍ਰਾਪਤ ਕਰ ਸਕਦੇ ਹਨ। (੧)

ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥
ਗੌਤਮ ਦੀ ਪਤਨੀ ਅਹਲਿਆ ਨੂੰ ਮੁਕਤੀ ਮਿਲੀ, ਅਤੇ ਅਨੇਕ ਜਨ ਪਾਕ ਹੋ ਕੇ ਸੰਸਾਰ-ਸਾਗਰ ਤੋਂ ਪਾਰ ਲੰਘ ਗਏ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਸਾਡੀ ਅੰਤਰ-ਆਤਮਾ ਪੱਥਰ ਵਾਂਗ ਕਠੋਰ ਹੋ ਜਾਂਦੀ ਹੈ, ਤਦ ਆਤਮ-ਚਿੰਤਨ ਸਾਡੀ ਜਾਗਰੂਕਤਾ ਨੂੰ ਮੁੜ ਉਜਲ ਕਰਦਾ ਹੈ।

ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ ॥੨॥੨॥
ਨੀਚ ਅਤੇ ਜਾਤ-ਪਾਤ ਤੋਂ ਰਹਿਤ ਨਾਮਦੇਵ ਆਖਦੇ ਹਨ: ਮੈਂ ਤੇਰੀ ਸ਼ਰਨ ਆਇਆ ਹਾਂ। ਇੱਥੇ "ਤੇਰੀ ਸ਼ਰਨ" ਦਾ ਸੰਕੇਤ ਸਾਡੇ ਅੰਦਰ ਵੱਸਦੀ ਉਸ ਚੇਤਨਾ ਰੂਪੀ ਕਿਰਪਾ ਵੱਲ ਹੈ ਜੋ ਬਿਬੇਕ ਰਾਹੀਂ ਅੰਤਰੀਵੀ ਪਾਕੀਜ਼ਗੀ ਪ੍ਰਾਪਤ ਕਰਦੀ ਹੈ ਅਤੇ ਜਦੋਂ ਅਸੀਂ ਆਪਣੇ ਮਨ ਦੀਆਂ ਰੁਕਾਵਟਾਂ ਨੂੰ ਦੂਰ ਕਰਦੇ ਹਾਂ, ਤਦ ਪੂਰੀ ਤਰ੍ਹਾਂ ਪ੍ਰਫੁੱਲਤ ਹੋ ਜਾਂਦੀ ਹੈ। (੨)(੨)

**ਤੱਤ:** ਭਗਤ ਨਾਮਦੇਵ ਵਿਚਾਰਪੂਰਵਕ ਸਮਝਾਉਂਦੇ ਹਨ ਕਿ ਆਤਮ-ਚਿੰਤਨ ਅਤੇ ਇਕਾਗਰਤਾ ਰਾਹੀਂ ਸਵੈ-ਸਨਮਾਨ ਅਤੇ ਦਿਆਨਤਦਾਰੀ ਦੇ ਗੁਣਾਂ ਨੂੰ ਕਾਇਮ ਰੱਖ, ਅੰਤਰੀਵੀ ਟਕਰਾਵ ਤੋਂ ਸੁਰੱਖਿਅਤ

ਰੱਖਿਆ ਜਾ ਸਕਦਾ ਹੈ। ਇਹ ਵਰਤਾਰਾ ਖ਼ਾਸ ਤੌਰ 'ਤੇ ਉਸ ਵੇਲੇ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਬਾਹਰੀ ਉਮੀਦਾਂ ਅਤੇ ਦਬਾਅ ਸਾਡੇ ਆਪਣੇ ਮੁੱਲ ਦੀ ਭਾਵਨਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਅੰਤਰੀਵੀ ਸਦਭਾਵਨਾ ਨਾ ਤਾਂ ਬਾਹਰੀ ਰੁਤਬੇ ਤੋਂ ਉਤਪੰਨ ਹੁੰਦੀ ਹੈ ਅਤੇ ਨਾ ਹੀ ਸਮਾਜਿਕ ਮਾਪਦੰਡਾਂ ਤੋਂ; ਸਗੋਂ ਇਹ ਤਾਂ ਉਸ ਵੇਲੇ ਖਿੜਦੀ ਹੈ ਜਦੋਂ ਅਸੀਂ ਆਪਣੇ ਸਵੈ-ਰੱਖਿਆ ਵਾਲੇ ਵਿਚਾਰਾਂ ਨੂੰ ਤਿਆਗ ਕੇ ਮਨ ਦੀਆਂ ਸੰਸਕਾਰਿਤ ਧਾਰਣਾਵਾਂ ਤੋਂ ਮੁਕਤ ਹੋ ਜਾਂਦੇ ਹਾਂ, ਜਿਸ ਨਾਲ ਅਸੀਂ ਆਪਣੇ ਅੰਦਰ ਵੱਸਦੇ ਸਹਿਜ ਬਿਬੇਕ ਅਤੇ ਗਿਆਨ ਨੂੰ ਅਪਣਾ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**